




# ਰਾਮ ਧਨ ਰਚਿਤ ਕਿੱਸਾ ਪੂਰਨ ਭਗਤ ਵਿਚਲਾ ਨਾਇਕ



**ਡਾ. ਵਿਸ਼ਾਲ ਕੁਮਾਰ**
ਅਸਿਸਟੈਂਟ ਪ੍ਰੋ. ਅਤੇ ਮੁਖੀ
ਪੋਸਟ ਗ੍ਰੈਜੂਏਟ
ਪੰਜਾਬੀ ਵਿਭਾਗ
ਗੁਰੂ ਨਾਨਕ ਦੇਵ
ਯੂਨੀਵਰਸਿਟੀ ਕਾਲਜ
ਸੁਜਾਨਪੁਰ
97805-38664
vishalbhandari_pbi
@yahoo.com

ਰਾਮ ਧਨ ਜੰਮੂ-ਕਸ਼ਮੀਰ ਦੇ ਖੇਤਰ ਅਖ਼ਨੂਰ ਦਾ ਰਹਿਣ ਵਾਲਾ ਅਜੋਕੇ ਦੌਰ ਦਾ ਪ੍ਰਮੁੱਖ ਪੰਜਾਬੀ ਕਿੱਸਾਕਾਰ ਹੈ। ਜਿਸ ਨੇ ਪੂਰਨ ਭਗਤ ਦਾ ਕਿੱਸਾ ਰਚ ਕੇ ਇਸ ਖੇਤਰ ਵਿਚ ਅਹਿਮ ਯੋਗਦਾਨ ਪਾਇਆ ਹੈ। ਹੁਣ ਤੱਕ ਹੋਈ ਖੋਜ ਮੁਤਾਬਿਕ ਪਿਛਲੀਆਂ ਚਾਰ ਸਦੀਆਂ ਵਿਚ ਪੰਜਾਬੀ ਸਾਹਿਤ ਵਿਚ ਚਾਰ ਸੌ ਦੇ ਕਰੀਬ ਕਿੱਸਾ ਰਚਨਾਵਾਂ ਰਚੀਆਂ ਜਾ ਚੁੱਕੀਆਂ ਹਨ। ਇਹਨਾਂ ਵਿਚੋਂ ਸੌ ਤੋਂ ਜ਼ਿਆਦਾ 'ਹੀਰ ਰਾਂਝੇ' ਦੀ ਪ੍ਰੀਤ-ਕਹਾਣੀ ਦਾ ਬਿਆਨ ਕਰਦੀਆਂ ਹਨ। ਰਾਮ ਧਨ ਆਪਣੇ ਕਿੱਸੇ ਨੂੰ ਇਸ਼ਕੀਆ ਰੂਪ ਦੀ ਬਜਾਏ ਅਧਿਆਤਮਕ ਰੰਗਣ ਦੇਣ ਲਈ ਪੂਰਨ ਭਗਤ ਦੀ ਕਥਾ ਨੂੰ ਆਧਾਰ ਬਣਾਉਂਦਾ ਹੈ।

'ਕਿੱਸਾ' ਸ਼ਬਦ ਅਰਬੀ 'ਕੱਸ' ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਪਿੱਛੇ ਜਾਣਾ, ਪਿੱਛਾ ਕਰਨਾ, ਖ਼ਬਰ ਦੇਣੀ ਜਾਂ ਕਹਾਣੀ ਕਹਿਣੀ, ਕਥਾ ਕਰਨੀ ਆਦਿ ਕਿਹਾ ਜਾਂਦਾ ਹੈ। ਪੰਜਾਬੀ ਸਾਹਿਤ ਵਿਚ ਇਸ ਦਾ ਆਗ਼ਾਜ਼ ਫ਼ਾਰਸੀ ਕਾਵਿ ਰੂਪ 'ਮਸਨਵੀ' ਨਾਲ ਹੋਇਆ ਮੰਨਿਆ ਜਾਂਦਾ ਹੈ। ਜੋ ਕਿ ਬੈਂਤ ਛੰਦ ਵਿਚ ਰਚੀ ਜਾਂਦੀ ਸੀ। ਮਸਨਵੀ ਦੇ ਮੂਲ ਵਿਸ਼ੇ ਇਸ਼ਕੀਆ, ਰਜ਼ਮੀਆ, ਤੱਸਵੁੱਫ਼ ਅਤੇ ਫ਼ਲਸਫ਼ੇ ਆਦਿ ਨਾਲ ਸੰਬੰਧਿਤ ਹੁੰਦੇ ਸਨ। ਫ਼ਾਰਸੀ ਪ੍ਰਭਾਵ ਤੋਂ ਇਲਾਵਾ ਪੰਜਾਬੀ ਕਿੱਸਾਕਾਰੀ ਉੱਤੇ ਯੂਨਾਨੀ ਅਤੇ ਭਾਰਤੀ ਦਰਸ਼ਨ ਦਾ ਪ੍ਰਭਾਵ ਵੀ ਪ੍ਰਤੱਖ ਦਿੱਸਦਾ ਹੈ। ਸੰਸਕ੍ਰਿਤ ਵਿਚ ਕਿੱਸਾ ਸ਼ਬਦ ਦਾ ਸਮਾਨਾਰਥਕ ਸ਼ਬਦ 'ਆਖਿਆਨ' ਜਾਂ 'ਪ੍ਰੇਮ ਆਖਿਆਨ' ਕਿਹਾ ਜਾਂਦਾ ਹੈ।ਪੰਜਾਬ ਦੇ ਮਾਲਵਾ ਖੇਤਰ ਵਿਚ ਇਸ ਲਈ 'ਚਿੱਠਾ' ਸ਼ਬਦ ਵਰਤਿਆ ਜਾਂਦਾ ਹੈ। ਇਸ ਵਿਚਲਾ ਅਧਿਆਤਮਕ ਰੰਗ 'ਸੂਫ਼ੀ-ਕਾਵਿ' ਪਰੰਪਰਾ ਨਾਲ ਜਾ ਜੁੜਦਾ ਹੈ। ਪਰਿਭਾਸ਼ਿਕ ਸ਼ਬਦਾਵਲੀ ਕੋਸ਼ ਦਾ ਕਰਤਾ ਕਿੱਸਾ ਕਾਵਿ ਰੂਪ ਨੂੰ ਮਹਾਕਾਵਿ ਅਤੇ ਰੋਮੈਨਸ ਅਤੇ ਬੈਲੇਡ ਦੇ ਪੱਧਰ ਦੀ ਰਚਨਾ ਆਖਦਾ ਹੈ। ਉਸ ਦਾ ਮੰਨਣਾ ਹੈ ਕਿ ਸੰਭਵ ਰੂਪ ਵਿਚ ਕਿੱਸਾ ਸਾਹਿਤ ਰੂਪ ਮਹਾਕਾਵਿ ਤੋਂ ਪੈਦਾ ਹੋਇਆ ਹੋ ਸਕਦਾ ਹੈ। ਉਹ ਇਹ ਵੀ ਮੰਨਦਾ ਹੈ ਕਿ ਇਸ ਦੀ ਪ੍ਰੇਰਨਾ ਰਾਧਾ-ਕ੍ਰਿਸ਼ਨ ਦੀ ਪ੍ਰੀਤ ਕਥਾ ਵੀ ਹੋ ਸਕਦੀ ਹੈ।[1]

ਪੰਜਾਬੀ ਸਾਹਿਤ ਵਿਚ ਇਹ ਸਾਹਿਤ ਰੂਪ ਸੋਲਵੀਂ ਸ਼ਤਾਬਦੀ ਵਿਚ ਦਮੋਦਰ ਦੀ ਰਚਨਾ ਹੀਰ ਨਾਲ ਆਰੰਭ ਹੋਇਆ, ਜਿਸ ਨੂੰ ਸੁਖ਼ਨ ਦੇ ਵਾਰਿਸ 'ਵਾਰਿਸ ਸ਼ਾਹ' ਨੇ ਸਿਖ਼ਰ ਤੱਕ ਪਹੁੰਚਾਇਆ। ਇਹ ਸਾਹਿਤ ਰੂਪ ਪ੍ਰੀਤ-ਪਾਤਰਾਂ ਅਤੇ ਉਹਨਾਂ ਦਰਮਿਆਨ ਬਣਨ ਵਾਲੇ ਪਿਆਰ ਸਬੰਧਾਂ ਦੇ ਇਰਦ ਗਿਰਦ ਘੁੰਮਦਾ ਹੈ। ਦਮੋਦਰ ਦੇ ਕਿੱਸੇ ਵਿਚ ਹੀਰ-ਰਾਂਝਾ, ਪੀਲੂ ਦੇ ਮਿਰਜ਼ਾ ਸਾਹਿਬਾਂ, ਹਾਫ਼ਿਜ਼ ਬਰਖ਼ੁਰਦਾਰ ਦੇ ਸੱਸੀ- ਪੁੰਨੂ, ਫ਼ਜ਼ਲ ਸ਼ਾਹ ਦੇ ਕਿੱਸੇ ਵਿਚ ਸੋਹਣੀ ਮਹੀਂਵਾਲ ਮੱਧਕਾਲੀ ਕਿੱਸਾ-ਕਾਵਿ ਦੇ ਪ੍ਰਮੁੱਖ ਪਾਤਰ ਹਨ।ਇਹਨਾਂ ਤੋਂ ਇਲਾਵਾ ਕਾਦਰਯਾਰ ਨਾਮਕ ਕਿੱਸਾਕਾਰ ਪੂਰਨ ਭਗਤ ਨੂੰ ਨਾਇਕ ਵਜੋਂ ਸਿਰਜਦਾ ਹੈ। ਡਾ. ਰਤਨ ਸਿੰਘ ਜੱਗੀ ਦੇ ਅਨੁਸਾਰ, "ਹਾਸ਼ਮ ਦੀ ਸੱਸੀ, ਕਾਦਰਯਾਰ ਦਾ ਪੂਰਨ ਭਗਤ, ਤੇ ਫ਼ਜ਼ਲ ਸ਼ਾਹ ਦੀ ਸੋਹਣੀ ਨੂੰ ਪੰਜਾਬੀ ਸੰਸਾਰ ਵਿਚ ਚੋਖੀ ਮਾਨਤਾ ਰਹੀ ਹੈ।"[2] ਕਾਦਰਯਾਰ

ਦੇ ਕਿੱਸੇ ਦੀ ਵਿਸ਼ੇਸ਼ਤਾ ਇਹ ਹੈ ਕਿ ਰੂਪਾਕਾਰਕ ਪੱਖ ਤੋਂ ਇਹ ਰਚਨਾ ਕਿੱਸਾ ਹੋਣ ਦੇ ਬਾਵਜੂਦ ਪ੍ਰੀਤ-ਕਹਾਣੀ ਨਹੀਂ। ਆਦਰਸ਼ਕ ਮੁੱਲਾਂ ਤੇ ਉੱਸਰੀ ਇਹ ਅਜਿਹੀ ਕਥਾ ਹੈ ਜਿਸ ਦਾ ਮੁੱਖ ਪਾਤਰ 'ਪੂਰਨ' ਆਪਣੀ ਆਦਰਸ਼ਕਤਾ ਨੂੰ ਬਰਕਰਾਰ ਰੱਖਣ ਲਈ ਨਾ ਕੇਵਲ ਤਸ਼ੱਦਦ ਸਹਿੰਦਾ ਹੈ ਬਲਕਿ ਰਾਜ ਭਾਗ ਦਾ ਤਿਆਗ ਕਰਕੇ ਜੋਗੀ ਗੁਰੂ ਗੋਰਖ-ਨਾਥ ਦਾ ਚੇਲਾ ਬਣਦਾ ਹੈ ਅਤੇ ਜੋਗੀਨੁਮਾ ਜੀਵਨ ਦਾ ਭਾਗੀ ਬਣਦਾ ਹੈ।

ਜੋਗ-ਮਤ ਤਤਕਾਲੀਨ ਸਮਾਜ ਵਿਚ ਸਭ ਤੋਂ ਪ੍ਰਵਾਨਿਤ ਅਤੇ ਸਿਰਮੌਰ ਮਤ ਸੀ। ਨਾਥ-ਮਤ ਦੇ ਦਰਸ਼ਨ ਨਾਲ ਪੰਜਾਬੀ ਸਮਾਜ ਵਿਚਲੀ ਅਧਿਆਤਮਿਕਤਾ ਦਾ ਮੁੱਢ ਬੱਝਿਆ। ਪੂਰਨ ਭਗਤ, ਰਾਜਾ ਭਰਥਰੀ ਹਰੀ ਅਤੇ ਗੋਪੀ ਚੰਦ ਆਦਿ ਨਾਲ ਸੰਬੰਧਿਤ ਪ੍ਰਮੁੱਖ ਕਥਾਵਾਂ ਪੰਜਾਬੀ ਮਾਨਸਿਕਤਾ ਅਤੇ ਅਧਿਆਤਮਿਕਤਾ ਵਿਚੋਂ ਆਪਣਾ ਰਚਨਾਤਮਿਕ ਸਰੂਪ ਗ੍ਰਹਿਣ ਕਰਦੀਆਂ ਹਨ ਅਤੇ ਇਸ ਨੂੰ ਪ੍ਰਭਾਵਿਤ ਵੀ ਕਰਦੀਆਂ ਹਨ। ਜੋਗ-ਸੰਪਰਦਾ ਬਾਰੇ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਬੁੱਧ ਧਰਮ ਦੀ ਰਹਿੰਦ-ਖੂੰਹਦ ਵਿਚੋਂ ਪੈਦਾ ਹੋਈ ਇਕ ਅਜਿਹੀ ਸੰਪਰਦਾ ਸੀ ਜਿਸ ਨੇ ਸਮੇਂ ਦੇ ਨਾਲ-ਨਾਲ ਪੰਜਾਬ ਅਤੇ ਭਾਰਤ ਦੇ ਵੱਡੇ ਹਿੱਸੇ ਵਿਚ ਆਪਣੀ ਪੈਠ ਜਮਾਂ ਲਈ। ਭਾਰਤ ਵਿਚ ਜੋਗ ਮਤ ਦੀ ਨੀਂਹ ਗੁਰੂ ਗੋਰਖ ਨਾਥ ਦੁਆਰਾ ਰੱਖੀ ਮੰਨੀ ਜਾਂਦੀ ਹੈ। ਇਸ ਮਤ ਦੇ ਪ੍ਰਮੁੱਖ ਜੋਗੀਆਂ ਦਾ ਤਤਕਾਲੀ ਸਾਹਿਤ ਅਤੇ ਸਮਾਜ ਉੱਤੇ ਇੰਨ੍ਹਾਂ ਪ੍ਰਭਾਵ ਸੀ ਕਿ ਜਿਥੇ ਆਮ ਜਨ-ਜੀਵਨ ਵਿਚ ਲੋਕ ਧਾਰਮਿਕ ਅਤੇ ਸਮਾਜਕ ਪੱਧਰ ਤੇ ਜੋਗ-ਮਾਰਗ ਦਾ ਅਨੁਸਰਨ ਕਰਦੇ ਸਨ, ਉੱਥੇ ਹੀ ਰਾਂਝੇ ਵਰਗੇ ਕਿੱਸਿਆਂ ਦੇ ਮੁੱਖ-ਪਾਤਰਾਂ ਨੂੰ ਵੀ ਜੋਗ-ਮਤ ਧਾਰਨ ਕਰਦੇ ਦਿਖਾਇਆ ਗਿਆ ਹੈ।

ਨਾਥ-ਜੋਗੀ ਭਾਰਤੀ ਪਰੰਪਰਾ ਵਿਚ ਅਹਿਮ ਸਥਾਨ ਰੱਖਦੇ ਸਨ। ਜੋਗ ਦਾ ਅਰਥ ਹੈ 'ਜੁੜਨਾ' ਮਨ ਨੂੰ ਵਿਸ਼ੇਸ਼ ਰੂਪ ਵਿਚ ਸਾਧ ਕੇ ਆਤਮਾ ਨੂੰ ਪਰਮਾਤਮਾ ਨਾਲ ਜੋੜਨਾ ਹੀ ਜੋਗ ਹੈ। ਮਹਾਨ ਕੋਸ਼ ਵਿਚ ਜੋਗੀ ਸ਼ਬਦ ਦੇ ਅਰਥ "ਆਤਮਾ ਵਿਚ ਜੁੜਿਆ ਹੋਇਆ ਪੁਰਸ਼"[3] ਕੀਤੇ ਗਏ ਹਨ। ਨਾਥਾਂ-ਜੋਗੀਆਂ ਦਾ ਸਿਧਾਂਤ ਅਤੇ ਦਰਸ਼ਨ ਦਾ ਪ੍ਰਭਾਵ ਭਾਰਤੀ ਅਤੇ ਪੰਜਾਬੀ ਸਮਾਜ ਉੱਤੇ ਪ੍ਰਭਾਵੀ ਰੂਪ ਵਿਚ ਦਿੱਸਦਾ ਹੈ। ਇਸ ਮਤ ਨੇ ਸਮਾਜਕ ਖੇਤਰ ਵਿਚ ਵੀ ਕਈ ਪ੍ਰਕਾਰ ਦੇ ਸਾਕਾਰਾਤਮਕ ਬਦਲਾਅ ਲਿਆਂਦੇ। ਡਾ. ਪਰਮਿੰਦਰ ਸਿੰਘ ਅਨੁਸਾਰ, "ਜੋਗ ਮਤ ਨੇ ਸਮਾਜਕ ਖੇਤਰ ਵਿਚ ਵੀ ਕਾਫ਼ੀ ਸੁਧਾਰ ਲਿਆਂਦੇ ਅਤੇ ਮੇਲਿਆਂ, ਭੰਡਾਰੇ ਅਤੇ ਲੰਗਰ ਦਾ ਰਿਵਾਜ਼ ਪਾਇਆ। ਆਮ ਲੋਕਾਂ ਨੂੰ ਵਿਸ਼ੇ-ਵਿਕਾਰਾਂ ਤੋਂ ਦੂਰ ਕਰਨ ਦਾ ਯਤਨ ਕੀਤਾ ਅਤੇ ਰਾਜਿਆਂ ਵਿਚੋਂ ਵੀ ਅੱਯਾਸ਼ੀ ਦੂਰ ਕਰਕੇ ਉਨ੍ਹਾਂ ਨੂੰ ਆਪਣੇ ਸ਼ਿਸ਼ ਬਣਾਇਆ।"[4] ਪੰਜਾਬ ਦੀ ਧਰਤੀ ਤੇ ਇਹਨਾਂ ਨਾਲ ਸੰਬੰਧਿਤ ਬਹੁਤ ਸਾਰੇ ਸਥਾਨ ਮਿਲਦੇ ਹਨ। ਗੋਰਖ ਨਾਥ, ਚਰਪਟ ਨਾਥ, ਜਲੰਧਰ ਨਾਥ, ਮਛੰਦਰ ਨਾਥ ਅਤੇ ਚੋਰੰਗੀ ਨਾਥ ਇਸ ਪਰੰਪਰਾ ਦੇ ਮੂਹਰਲੇ ਅਤੇ ਪ੍ਰਮੁੱਖ ਨਾਂ ਹਨ।ਚੌਰੰਗੀ ਨਾਥ ਨੂੰ ਪੂਰਨ ਭਗਤ ਦੇ ਨਾਮ ਨਾਲ ਜਾਣਿਆ ਜਾਂਦਾ ਹੈ।ਉਸ ਬਾਰੇ ਪ੍ਰਚਲਿਤ ਹੈ ਕਿ ਜਦੋਂ ਲੂਣਾ ਦੇ ਮਕਰ ਤੋਂ ਬਾਅਦ ਰਾਜਾ ਸਲਵਾਹਨ ਨੇ ਪੂਰਨ ਨੂੰ ਮਾਰਨ ਦੇ ਨਿਰਦੇਸ਼ ਦੇ ਦਿੱਤੇ ਤਾਂ ਜੱਲਾਦਾਂ ਨੇ ਉਸ ਦੇ ਹੱਥ-ਪੈਰ ਵੱਢ ਕੇ ਉਸ ਨੂੰ ਅੰਨ੍ਹੇ ਖੂਹ ਵਿਚ ਸੁੱਟ ਦਿੱਤਾ। ਇਸ ਖੂਹ ਵਿਚੋਂ ਉਸ ਨੂੰ ਗੁਰੂ ਗੋਰਖ ਨਾਥ (ਡਾ. ਮੋਹਨ ਸਿੰਘ ਦੀਵਾਨਾ ਅਨੁਸਾਰ ਮਛੰਦਰ ਨਾਥ) ਨੇ ਕੱਢ ਕੇ ਉਸ ਦੇ ਹੱਥ-ਪੈਰ ਮੁੜ ਠੀਕ ਕਰ ਦਿੱਤੇ। ਡਾ. ਹਜਾਰੀ ਪ੍ਰਸਾਦ ਦਿਵੇਦੀ ਦੇ ਅਨੁਸਾਰ ਪੂਰਨ ਨੂੰ ਉਸ ਦੇ ਚਾਰ ਅੰਗ (ਦੋ ਹੱਥ ਅਤੇ ਦੋ ਪੈਰ) ਮੁੜ ਸਾਬਤ ਹੋ ਜਾਣ ਕਰਕੇ ਹੀ ਚੌਰੰਗੀ ਨਾਥ ਦੀ ਉਪਾਧੀ ਮਿਲੀ। ਪੂਰਨ ਭਗਤ ਦਾ ਖੂਹ ਸਿਆਲਕੋਟ ਵਿਚ ਅੱਜ ਵੀ ਮਿਲਦਾ ਹੈ। ਚੌਰੰਗੀ ਨਾਥ ਨੂੰ ਗੋਰਖ ਨਾਥ ਦਾ ਗੁਰਭਾਈ ਅਤੇ ਮਛੰਦਰ ਨਾਥ ਦਾ ਚੇਲਾ ਵੀ ਕਿਹਾ ਜਾਂਦਾ ਹੈ।

ਪੂਰਨ ਭਗਤ ਦੇ ਨਾਇਕਤਵ ਦੀ ਉਸਾਰੀ ਕਰਦੀਆਂ ਮੱਧਕਾਲੀਨ ਅਤੇ ਆਧੁਨਿਕ ਪੰਜਾਬੀ ਸਾਹਿਤ ਵਿਚ ਬਹੁਤ ਸਾਰੀਆਂ ਬਹੁਵਿਧਾਈ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ। ਆਧੁਨਿਕ ਕਾਲ ਦੀ ਇਹ ਚਰਚਾ ਅਧੀਨ ਰਚਨਾ ਕਿੱਸਾ ਵਿਧਾਗਤ ਰੂਪ ਵਿਚ ਸਿਰਜਿਤ ਹੈ, ਜਿਸ ਦੀ ਰਚਨਾ ਰਾਮ ਧਨ ਨਾਮਕ ਲੇਖਕ ਦੁਆਰਾ ਇਕੀਵੀਂ ਸ਼ਤਾਬਦੀ ਵਿਚ ਕੀਤੀ ਗਈ। ਰਾਮ ਧਨ ਜੰਮੂ-ਕਸ਼ਮੀਰ ਦੇ ਅਖ਼ਨੂਰ ਇਲਾਕੇ ਦਾ ਇਕ ਪ੍ਰਬੁੱਧ ਸਾਹਿਤਕਾਰ ਹੈ। ਉਹ ਆਪਣੀ ਕਿੱਸਾ ਕਾਵਿ ਰਚਨਾ ਵਿਚ ਪਰੰਪਰਾਗਤ ਨਾਇਕ ਦੇ ਸਿਰਮੌਰ ਗੁਣਾਂ ਦੀ ਉਸਾਰੀ ਕਰਦਿਆਂ ਉਸ ਨੂੰ ਆਦਰਸ਼ਕ ਨਾਇਕ ਵਜੋਂ ਪੇਸ਼ ਕਰਦਾ ਹੈ। ਸਦਾਚਾਰਕਤਾ ਅਤੇ ਨੈਤਿਕਤਾ ਪੂਰਨ ਦੇ ਨਾਇਕਤਵ ਦੇ ਅਜਿਹੇ ਗੁਣ ਹਨ ਜਿਹਨਾਂ ਨੂੰ ਰਾਮ ਧਨ ਆਪਣੀ ਰਚਨਾ ਵਿਚ ਬਾਖ਼ੂਬੀ ਪੇਸ਼ ਕਰਦਾ ਹੈ।

'ਨਾਇਕ' ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'ਹੀਰੋ' ਦਾ ਅਨੁਵਾਦਿਤ ਰੂਪ ਹੈ, ਜੋ ਕਿ ਯੂਨਾਨੀ ਭਾਸ਼ਾ ਦੇ 'ਹੀਰੋਸ' ਤੋਂ ਬਣਿਆ ਹੈ। ਹੀਰੋ ਇਕ ਅਜਿਹਾ ਮਹਾਨ ਵਿਅਕਤੀ ਹੈ ਜੋ ਆਪਣੇ ਵਿਸ਼ਿਸ਼ਟ ਗੁਣਾਂ ਕਾਰਨ ਸਮਰੱਥ ਲੋਕ ਆਗੂ ਹੁੰਦਾ ਹੈ। ਸੰਸਕ੍ਰਿਤ ਭਾਸ਼ਾ ਵਿਚ 'ਨੀ' ਧਾਤੂ ਤੋਂ ਸ਼ਬਦ 'ਨਾਇਕ' ਦੀ ਉੱਤਪਤੀ ਹੋਈ ਮੰਨੀ

ਜਾਂਦੀ ਹੈ, ਜਿਸ ਦੇ ਅਰਥ ਹਨ 'ਰਾਹ ਦਿਖਾਉਣ ਵਾਲਾ', 'ਯੋਗ ਅਤੇ ਸਮਰੱਥ ਆਗੂ' ਅਤੇ 'ਵਿਸ਼ਿਸ਼ਟ ਸਮੂਹ ਦਾ ਨੇਤਾ'। ਸੋ ਨਾਇਕ ਜਨ-ਮਾਨਸ ਲਈ ਰਾਹ-ਦਸੇਰੇ ਦੀ ਭੂਮਿਕਾ ਨਿਭਾਉਂਦਾ ਹੈ। ਆਪਣੇ ਕਾਰਜਾਂ ਦੀ ਵਿਲੱਖਣਤਾ ਅਤੇ ਭਵਿੱਖਮੁਖੀ ਸੋਚ ਕਾਰਨ ਉਹ ਸਾਧਾਰਨ ਵਿਅਕਤੀ ਨਾਲੋਂ ਵੱਖਰਾ ਹੁੰਦਾ ਹੈ।ਨਾਇਕ ਆਪਣੀ ਜੀਵਨ-ਚਾਲ ਵਿਚ ਅਜਿਹੀ ਸੋਚ ਦਾ ਮਾਲਕ ਹੁੰਦਾ ਹੈ, ਜਿਸ ਦਾ ਸਬੰਧ ਕੇਵਲ ਵਰਤਮਾਨ ਨਾਲ ਨਹੀਂ ਹੁੰਦਾ, ਨਾ ਹੀ ਉਸ ਦਾ ਦ੍ਰਿਸ਼ਟੀਕੋਣ ਕੇਵਲ ਭੂਤਕਾਲ ਆਧਾਰਿਤ ਹੁੰਦਾ ਹੈ। ਉਸ ਦਾ ਨਾਇਕਤਵ 'ਤ੍ਰੈਕਾਲ' ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਕਿਸੇ ਵੀ ਨਾਇਕ ਨੂੰ ਇਕ ਸੀਮਤ ਕਾਲ ਘੇਰੇ ਵਿਚ ਬੰਨ੍ਹ ਕੇ ਨਹੀਂ ਰੱਖਿਆ ਜਾ ਸਕਦਾ। ਨਾਇਕ ਆਪਣੀ ਜ਼ਿੰਦਗੀ ਵਿਚ ਵਿਸਥਾਪਿਤ ਹੋਣੀ ਹੰਢਾਉਂਦਾ ਹੈ। ਵਿਸਥਾਪਨਾ ਉਸ ਨੂੰ ਅਨੁਭਵ ਦੇ ਉਸ ਪੜਾਅ ਤੇ ਲੈ ਜਾਂਦੀ ਹੈ ਜਿਸ ਨਾਲ ਉਹ ਸ਼੍ਰੇਸ਼ਟਤਾ ਗ੍ਰਹਿਣ ਕਰ ਜਾਂਦਾ ਹੈ। ਉਸ ਲਈ ਕੁਝ ਵੀ ਅਸੰਭਵ ਨਹੀਂ ਹੁੰਦਾ। ਉਹ ਆਉਣ ਵਾਲੇ ਸਮੇਂ ਪ੍ਰਤੀ ਆਸਵੰਦ ਹੁੰਦਾ ਹੈ ਅਤੇ ਸੁਪਨਿਆਂ ਨੂੰ ਯਥਾਰਥ ਵਿਚ ਬਦਲ ਸਕਣ ਵਿਚ ਸਮਰੱਥ ਹੁੰਦਾ ਹੈ। ਕਿਸੇ ਵੀ ਪ੍ਰਸਥਿਤੀ ਵਿਚ ਉਸ ਦਾ ਆਸ਼ਾਵਾਦੀ ਰਵੱਈਆ ਉਸ ਨੂੰ ਤ੍ਰਾਸਦਿਕ ਸਥਿਤੀ ਵਿਚੋਂ ਕੱਢਣ ਵਿਚ ਸਹਾਈ ਹੁੰਦਾ ਹੈ। ਸਮਾਜ ਦੀਆਂ ਸਥਾਪਿਤ ਲੀਹਾਂ ਦੇ ਖਿਲਾਫ਼ ਡੱਟ ਕੇ ਖੜੇ ਹੋਣ ਦੀ ਬਿਰਤੀ ਹੀ ਉਸ ਨੂੰ ਜਨ-ਸਾਧਾਰਨ ਨਾਲੋਂ ਅੱਡ ਕਰਦੀ ਹੈ ਅਤੇ ਨਾਇਕ ਬਣਾਉਂਦੀ ਹੈ। ਮਹਾਨ ਕੋਸ਼ ਅਨੁਸਾਰ ਆਪਣੇ ਪਿੱਛੇ ਹੋਰਾਂ ਨੂੰ ਲਾਉਣ ਵਾਲਾ ਨੇਤਾ, ਆਗੂ ਹੀ ਨਾਇਕ ਹੁੰਦਾ ਹੈ। ਨਾਇਕ ਇਕ ਅਜਿਹਾ ਮਹਾਨ ਵਿਅਕਤੀ ਹੁੰਦਾ ਹੈ ਜਿਸ ਦਾ ਮਾਡਲ ਕਿਤੇ ਹੋਰ ਨਹੀਂ ਪਿਆ ਹੁੰਦਾ। ਸਰਬ ਗੁਣ ਸੰਪੰਨ ਹੋਣ ਕਾਰਨ ਉਸ ਨੂੰ ਲੋਕ-ਮਨ ਵਲੋਂ ਅਚੇਤ/ਸਚੇਤ ਪ੍ਰਵਾਨਗੀ ਮਿਲੀ ਹੁੰਦੀ ਹੈ। ਉਸ ਦਾ ਨੈਤਿਕ ਗੁਣਾਂ ਨਾਲ ਸੰਪੰਨ ਹੋਣਾ ਵੀ ਲਾਜ਼ਮੀ ਹੈ। ਉਸ ਅੰਦਰ ਫ਼ੋਕੀ ਸ਼ੋਹਰਤ ਅਤੇ ਚੌਧਰ ਪ੍ਰਾਪਤ ਕਰਨ ਦੀ ਭੁੱਖ ਨਹੀਂ ਹੁੰਦੀ। ਇਕ ਅਜਿਹਾ ਵਿਅਕਤੀ ਹੀ ਨਾਇਕ ਕਹਾਉਣ ਦੇ ਕਾਬਿਲ ਹੁੰਦਾ ਹੈ ਜੋ ਕਿਸੇ ਆਦਰਸ਼ ਕਾਰਨ ਆਪਣਾ ਆਪਾ ਵਾਰਨ ਲਈ ਤਤਕਾਲ ਤਤਪਰ ਹੋ ਜਾਵੇ ਅਤੇ ਜਿਸ ਵਿਚ ਕੌਮੀ ਅਤੇ ਸਭਿਆਚਾਰਕ ਨਾਇਕ ਵਾਲੇ ਗੁਣ ਸਪਸ਼ਟ ਦਿੱਸਦੇ ਹੋਣ। ਨਾਇਕ ਦੀ ਆਦਰਸ਼ਕਤਾ ਉਸ ਨੂੰ ਆਮ-ਜਨ ਨਾਲੋਂ ਵਖਰਿਆ ਕੇ ਜਨ-ਮਾਨਸ ਦੀ ਸਥਾਪਿਤ ਮਾਨਸਿਕਤਾ ਦਾ ਹਿੱਸਾ ਬਣਾਉਂਦੀ ਹੈ। ਸੰਸਾਰ ਦਾ ਕੋਈ ਵੀ ਨਾਇਕ ਕਦੇ ਵੀ ਸਥਾਪਤੀ ਦੇ ਖੰਡਾਂ ਤੋਂ ਪਾਰ ਨਹੀਂ ਵਿਚਰਦਾ। ਨਾਇਕਤਵ ਦੇ ਆਦਰਸ਼ ਸਾਮਾਜਿਕ ਵਧੇਰੇ ਅਤੇ ਵਿਅਕਤੀਗਤ ਘੱਟ ਹੁੰਦੇ ਹਨ। ਨਾਇਕ ਮਨੁੱਖੀ ਜੀਵਨ ਵਿਚ ਤਬਦੀਲੀ ਦਾ ਹਾਮੀ ਬਣਦਾ ਹੈ।ਉਹ ਸਥਾਪਿਤ ਕਰਦਾਂ-ਕੀਮਤਾਂ ਵਿਰੁੱਧ ਆਵਾਜ਼ ਵੀ ਬੁਲੰਦ ਕਰਦਾ ਹੈ ਅਤੇ ਉਹਨਾਂ ਦਾ ਮੁੱਦਈ ਵੀ ਬਣਦਾ ਹੈ। ਉਹ ਉਲਾਰੂ ਅਤੇ ਅਤੇ ਪਿਛਾਂਹ ਖਿੱਚੂ ਕਦਰਾਂ-ਕੀਮਤਾਂ ਵਿਰੁੱਧ ਸੰਘਰਸ਼ ਕਰਦਾ ਹੈ ਅਤੇ ਜਨ-ਮਾਨਸ ਨੂੰ ਨਵੀਨ ਰਾਹਾਂ ਵੱਲ ਲਿਜਾਂਦਾ ਹੈ।

ਮੱਧਕਾਲੀ ਪੰਜਾਬੀ ਸਮਾਜ ਨਾਇਕ-ਮੁੱਖ ਸੀ। ਉਸ ਸਮੇਂ ਸਾਰੇ ਵਿਅਕਤੀ ਆਪਣੇ ਜੀਵਨ ਦੇ ਹਰੇਕ ਨਿੱਕੇ-ਵੱਡੇ ਕਾਰਜ ਲਈ ਨਾਇਕ ਵੱਲ ਵੇਖਦੇ ਸਨ। ਨਾਇਕ ਉਹਨਾਂ ਦੀ ਜ਼ਿੰਦਗੀ ਦਾ ਕੇਂਦਰੀ ਧੁਰਾ ਹੁੰਦਾ ਸੀ। ਸਮਾਜ ਵਿਚ ਵਿਚਰਦਾ ਇਹ ਨਾਇਕ ਹੀ ਸਾਹਿਤਕ ਨਾਇਕ ਬਣ ਕੇ ਉੱਭਰਿਆ। ਇਸ ਪ੍ਰਕਾਰ ਯਥਾਰਥਕ ਜੀਵਨ ਵਿਚਲੇ ਬਹੁਤ ਸਾਰੇ ਲੋਕ-ਨਾਇਕ ਸਾਹਿਤਕ ਰਚਨਾਵਾਂ ਦਾ ਹਿੱਸਾ ਬਣ ਕੇ ਸਾਹਮਣੇ ਆਏ। ਅਜਿਹਾ ਹੀ ਇਕ ਲੋਕ-ਨਾਇਕ ਪੂਰਨ ਭਗਤ ਹੈ। ਪੂਰਨ ਭਗਤ ਨੂੰ ਕਿੱਸਾਕਾਰੀ ਦੀ ਵਿਧਾ ਵਿਚ ਨਾਇਕ ਵਜੋਂ ਸਥਾਪਿਤ ਕਰਨ ਦਾ ਮੁੱਢਲਾ ਜਤਨ ਕਾਦਰਯਾਰ ਨੇ ਕੀਤਾ ਸੀ। ਇਹ ਲੋਕ-ਨਾਇਕ ਪਹਿਲਾਂ ਸਾਹਿਤ ਦਾ ਹਿੱਸਾ ਬਣੇ ਜਾਂ ਲੋਕ-ਮਨ ਦਾ ? ਇਹ ਇਕ ਵੱਖਰੀ ਖੋਜ ਦਾ ਵਿਸ਼ਾ ਹੈ ਪਰੰਤੂ ਸਾਹਿਤ ਤੋਂ ਲੋਕ-ਮਨ ਅਤੇ ਲੋਕ-ਮਨ ਤੋਂ ਸਾਹਿਤ ਨੇ ਬੜੀ ਆਸਾਨੀ ਨਾਲ ਇਹਨਾਂ ਨੂੰ ਅਪਣਾ ਲਿਆ। ਪੂਰਨ ਭਗਤ ਦੁਆਰਾ ਸਿਰਜਿਤ ਆਦਰਸ਼ਕ ਮਿਆਰਾਂ ਨੂੰ ਤਤਕਾਲੀਨ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਇਆ। ਇਹ ਸਿਲਸਿਲਾ ਮੱਧਕਾਲ ਤੋਂ ਨਿਰੰਤਰ ਚਲਾਈਮਾਨ ਹੈ, ਜੋ ਕਿ ਆਧੁਨਿਕ ਯੁੱਗ ਵਿਚ ਵੀ ਵੇਖਣ ਨੂੰ ਮਿਲਦਾ ਹੈ। ਰਾਮ ਧਨ ਅਖ਼ਨੂਰ ਰਚਿਤ ਆਧੁਨਿਕ ਸਮੇਂ ਦਾ ਇਹ ਕਿੱਸਾ ਇਸੇ ਪਰੰਪਰਾ ਨੂੰ ਅੱਗੇ ਤੋਰਦਿਆਂ ਪੂਰਨ ਭਗਤ ਦੇ ਨਾਇਕਤਵ ਦੀ ਉਸਾਰੀ ਕਰਦਾ ਹੈ। ਪੂਰਨ ਸਾਡੇ ਸਮਾਜ ਦੇ ਮਹਾਨ ਪਰੰਪਰਾਗਤ ਪਾਤਰਾਂ ਵਿਚੋਂ ਇਕ ਹੈ। ਜਿਸ ਦਾ ਆਦਰਸ਼ ਪੰਜਾਬੀ ਸਮਾਜ ਨੂੰ ਨਵੀਂ ਸੇਧ ਦਿੰਦਾ ਹੈ। ਇਸ ਕਿੱਸੇ ਬਾਰੇ ਦੱਸਦਿਆਂ ਇਸ ਦੀ ਭੂਮਿਕਾ ਵਿਚ ਪ੍ਰਮੁੱਖ ਆਲੋਚਕ ਡਾ. ਪਿਆਰ ਸਿੰਘ ਆਖਦੇ ਹਨ:

> ਰਾਮ ਧਨ ਦਾ ਲਿਖਿਆ ਪੂਰਨ ਭਗਤ ਜਿਸ ਦਾ ਪਾਠ ਇਸ ਪੁਸਤਕ ਵਿਚ ਸੰਮਿਲਤ ਹੈ, ਦਰਮਿਆਨੇ ਆਕਾਰ ਦਾ ਕਿੱਸਾ ਹੈ। ਇਹ ਕਾਦਰਯਾਰ ਦੇ ਪੂਰਨ ਭਗਤ ਤੋਂ ਪ੍ਰੇਰਿਤ ਹੋ ਕੇ

ਲਿਖਿਆ ਲੱਗਦਾ ਹੈ। ਕਾਦਰਯਾਰ ਨੇ ਆਪਣਾ ਕਿੱਸਾ ਸ਼ੀਹਰਫ਼ੀ ਕਾਵਿ ਰੂਪ ਵਿਚ ਬੰਨ੍ਹਿਆ ਸੀ। ਰਾਮਧਨ ਨੇ ਵੀ ਇਸੇ ਕਾਵਿ ਰੂਪ ਨੂੰ ਚੁਣਿਆ ਹੈ। ਕੁੱਲ ਅੱਠ ਸ਼ੀਹਰਫ਼ੀਆਂ ਹਨ; ਛੰਦ ਕਾਦਰਯਾਰ ਵਾਂਗ ਬੈਂਤ ਹੀ ਰੱਖਿਆ ਹੈ।[5]

ਕਿੱਸੇ ਦਾ ਨਾਇਕ 'ਪੂਰਨ ਭਗਤ' ਆਪਣੇ ਜੀਵਨ ਵਿਚ ਮਹਾਨ ਆਦਰਸ਼ ਸਿਰਜਦਾ ਪ੍ਰਤੀਤ ਹੁੰਦਾ ਹੈ। ਪੂਰਨ ਦਾ ਨਾਇਕਤਵ ਉਸ ਦੀ ਸ਼ਖ਼ਸੀਅਤ ਦੇ ਭਿੰਨ-ਭਿੰਨ ਪਸਾਰਾਂ ਰਾਹੀਂ ਉੱਘੜਦਾ ਹੈ। ਆਪਣੀ ਆਦਰਸ਼ਕਤਾ ਦੇ ਸਦਕਾ ਹੀ ਪੂਰਨ ਲੋਕ-ਨਾਇਕ ਦਾ ਦਰਜਾ ਅਖ਼ਤਿਆਰ ਕਰ ਜਾਂਦਾ ਹੈ। ਉਹ ਸਮਾਜਕ ਪੱਧਰ ਤੇ ਵਿਆਪਕ ਦਿੱਖ ਦਾ ਧਾਰਣੀ ਬਣ ਕੇ ਹੀ ਲੋਕ-ਵਿਸ਼ਵਾਸ ਦਾ ਅੰਗ ਬਣਦਾ ਹੈ। ਉਹ ਆਪਣੀ ਆਦਰਸ਼ਕਤਾ ਸਿਰਜਣ ਹੇਤੂ ਅਤੇ ਉਸ ਨੂੰ ਬਰਕਰਾਰ ਰੱਖਣ ਲਈ ਕਿਸੇ ਵਡੇਰੇ ਆਦਰਸ਼ ਦਾ ਸਿਰਜਕ ਬਣਦਾ ਹੈ। ਪੂਰਨ ਸਮਾਜ ਲਈ ਅਜਿਹੇ ਆਦਰਸ਼ ਸਿਰਜਣ ਵਿਚ ਕਾਮਯਾਬ ਹੋ ਜਾਂਦਾ ਹੈ ਜਿਹਨਾਂ ਸਦਕਾ ਉਹ ਸਮਾਜ ਵਿਚ ਵਿਲੱਖਣ ਸਥਾਨ ਦਾ ਧਾਰਣੀ ਬਣਦਾ ਹੈ। ਉਸ ਦੀ ਇਹੀ ਵਿਲੱਖਣਤਾ ਉਸ ਨੂੰ ਨਾਇਕਤਵ ਪ੍ਰਦਾਨ ਕਰਦੀ ਹੈ। ਪੂਰਨ ਭਗਤ ਆਪਣੇ ਕਾਰਜ ਵਿਚਲੀ ਵੱਖਰਤਾ ਅਤੇ ਭਵਿੱਖਮੁੱਖਤਾ ਦੇ ਨਾਲ-ਨਾਲ ਆਪਣੇ ਅਨੁਭਵ ਦੀ ਪੀੜਾ ਵਿਚ ਵੀ ਬਾਕੀਆਂ ਨਾਲੋਂ ਵਧੇਰੇ ਚੇਤੰਨ ਹੈ।ਆਪਣੀ ਚੇਤੰਨਤਾ ਕਰਕੇ ਹੀ ਉਹ ਤ੍ਰਾਸਦਿਕ ਸਥਿਤੀਆਂ ਤੋਂ ਪਾਰ ਪਾਉਣ ਵਿਚ ਸਫ਼ਲ ਹੁੰਦਾ ਹੈ :

*ਗ਼ਾਫ਼ - ਗਇਆ ਰਾਣੀ ਤੇਰਾ ਖ਼ਿਆਲ ਕਿੱਧਰ, ਸ਼ਾਨੂੰ ਅੰਦਰ ਲੈ ਜਾ ਕੇ ਗ਼ਾਲਣੀ ਏਂ।*
*ਅੱਗੇ ਚਾਰ ਫ਼ਾਹੀਆਂ ਸਾਨੂੰ ਕਰਮ ਪਾਈਆਂ, ਪੰਜਵੀਂ ਤੂੰ ਫ਼ਾਹੀ ਗੱਲ ਗ਼ਾਲਣੀ ਏਂ।*
*ਅਸੀਂ ਰੰਗ ਮਹੱਲ ਹਾਂ ਛੋੜ ਆਏ, ਬੁੱਝੀ ਅੱਗ ਨੂੰ ਫੇਰ ਕਿਉਂ ਬਾਲਣੀ ਏਂ।*
*ਰਚਿਆ ਅਲੱਖ ਮਹਿਲ ਬ੍ਰਹਿਮੰਡ ਸੁੰਦਰ, ਸਾਨੂੰ ਕੂੜ ਦੀ ਖਾਈ ਵਿਖਾਲਣੀ ਏਂ।*[6]

ਉਹ ਦੈਵੀਯਤਾ ਦਾ ਧਾਰਨੀ ਹੈ। ਉਸ ਦੇ ਆਉਣ ਨਾਲ ਸੁੱਕਾ ਬਾਗ ਹਰਾ ਹੋ ਜਾਂਦਾ ਹੈ। ਆਪਣੇ ਦੈਵੀ ਗੁਣਾਂ ਸਦਕਾ ਹੀ ਪੂਰਨ ਕਾਰਨ-ਕਾਰਜ ਲੜੀ ਰਾਹੀਂ ਨਾਇਕਤਵ ਸਥਾਪਿਤ ਕਰਨ ਵਿਚ ਸਫ਼ਲ ਹੋ ਜਾਂਦਾ ਹੈ। ਦੈਵੀਯ ਹੁਣ ਉਸ ਦੇ ਨਾਇਕਤਵ ਨੂੰ ਵਿਰਾਟ ਰੂਪ ਬਖ਼ਸ਼ਦੇ ਹਨ। ਪੂਰਨ ਆਪਣੇ ਗੁਣਾਂ ਸਦਕਾ ਸਮਾਜ ਲਈ ਪੂਜਣਯੋਗ ਸਥਾਨ ਗ੍ਰਹਿਣ ਕਰ ਜਾਂਦਾ ਹੈ। ਜਿਸ ਦੇ ਉਸ ਤੋਂ ਪਹਿਲਾਂ ਦੇਵਤੇ ਅਤੇ ਨਾਥ ਧਾਰਣੀ ਸਨ।

ਵਿਚਲਨ (Deviation) ਨੂੰ ਨਾਇਕ ਦੇ ਵਿਵਹਾਰ ਦਾ ਮੁੱਖ ਗੁਣ ਮੰਨਿਆ ਜਾ ਸਕਦਾ ਹੈ। ਆਪਣੇ ਇਸੇ ਗੁਣ ਕਾਰਨ ਹੀ ਨਾਇਕ ਸਮਾਜ ਦੇ ਹੋਰ ਲੋਕਾਂ ਨਾਲੋਂ ਵੱਖ ਹੁੰਦਾ ਹੈ। ਇਹ ਕਿਸੇ ਪਾਤਰ ਦੀ ਸ਼ਖ਼ਸੀਅਤ ਦਾ ਅਜਿਹਾ ਗੁਣ ਹੈ ਜਿਸ ਕਾਰਨ ਉਸ ਨੂੰ ਵਿਰੋਧ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਪੂਰਨ ਭਗਤ ਆਪਣੇ ਜਨਮ ਸਮੇਂ ਤੋਂ ਹੀ ਮਾਤਾ-ਪਿਤਾ ਤੋਂ ਵਿਛੋੜੇ ਦਾ ਸੰਤਾਪ ਹੰਢਾਉਂਦਾ ਹੈ ਉਸ ਦੀ ਵਿਆਹ ਨਾ ਕਰਵਾਉਣ ਦੀ ਜ਼ਿੱਦ ਵੀ ਵਿਚਲਿਤ ਵਿਵਹਾਰ ਨੂੰ ਪ੍ਰਗਟਾਉਂਦੀ ਹੈ। ਜਿਸ ਕਾਰਨ ਉਸ ਦਾ ਪਿਤਾ ਰਾਜਾ ਸਲਵਾਹਨ ਉਸ ਤੋਂ ਨਾਰਾਜ਼ ਵੀ ਹੋ ਜਾਂਦਾ ਹੈ। ਪੂਰਨ ਦੀ ਇਸ ਜ਼ਿੱਦ ਦਾ ਅਸਲ ਕਾਰਨ ਉਸ ਦਾ ਨਾਥ ਮਤ ਵੱਲ ਝੁਕਾਅ ਹੈ। ਉਹ ਆਪਣੇ ਇਸ ਵਿਵਹਾਰ ਰਾਹੀਂ ਹੀ ਭਵਿੱਖਮੁਖੀ ਸੰਭਾਵਨਾਵਾਂ ਦੀ ਤਲਾਸ਼ ਕਰਦਾ ਹੈ। ਭਗਤ ਪੂਰਨ ਦਾ ਦ੍ਰਿਸ਼ਟੀਕੋਣ ਆਸ਼ਾਵਾਦੀ ਹੈ। ਆਪਣੀ ਇਸ ਸੋਚ ਕਰਕੇ ਹੀ ਉਹ ਆਪਣੇ ਸਿਧਾਂਤਾਂ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਕਰਨ ਲਈ ਤਿਆਰ ਨਹੀਂ ਹੁੰਦਾ। ਮਤਰੇਈ ਮਾਂ ਲੂਣਾ ਦੇ ਉਕਸਾਉਣ, ਲਾਲਚ ਦੇਣ ਅਤੇ ਫਿਰ ਡਰਾਉਣ-ਧਮਕਾਉਣ ਦੇ ਬਾਵਜੂਦ ਉਹ ਆਪਣੇ ਵਿਸ਼ਵਾਸ ਤੇ ਅਡਿੱਗ ਰਹਿੰਦਾ ਹੈ। ਆਪਣੇ ਇਸ ਦ੍ਰਿਸ਼ਟੀਕੋਣ ਸਦਕਾ ਹੀ ਪੂਰਨ ਹੱਥ-ਪੈਰ ਕੱਟੇ ਹੋਣ ਦੇ ਬਾਵਜੂਦ ਖ਼ੂਹ ਵਿਚੋਂ ਨਿਕਲਣ ਲਈ ਆਸਵੰਦ ਹੈ ਅਤੇ ਆਪਣੀ ਆਸ ਨੂੰ ਯਥਾਰਥ ਵਿਚ ਬਦਲਣ ਲਈ ਉਹ ਖ਼ੂਹ ਵਿਚੋਂ ਹੀ ਜੋਗੀਆਂ ਨੂੰ ਮਦਦ ਲਈ ਪੁਕਾਰਦਾ ਹੈ।

*ਅਲਖ਼ ਦਾ ਵਾਸਤਾ ਪਾਇ ਪੂਰਨ, ਮੈਨੂੰ ਮੋਇਆਂ ਨੂੰ ਹੋਰ ਨ ਮਾਰਿਆ ਜੇ।*
*ਮੇਰੇ ਵਾਸਤੇ ਤੁਸੀਂ ਭਗਵਾਨ ਆਏ, ਡੇਰਾ ਵਿਚ ਉਜਾੜ ਉਜਾੜਿਆ ਜੇ।*
*ਮੈਂ ਕੋਈ ਭੂਤ ਬਲਾ ਦਿੱਸਾਂ ਨਾਹੀਂ, ਨਜ਼ਰ ਮਿਹਰ ਦੀ ਮੁਝ ਪਰ ਡਾਰਿਆ ਜੇ।*
*ਰਾਮਧਨ ਮੈਂ ਸੂਰਤ ਇਨਸਾਨ ਦੀ ਹਾਂ, ਰੋ-ਰੋ ਕੇ ਪੂਰਨ ਪੁਕਾਰਿਆ ਜੇ।*[7]

ਰਾਮ ਧਨ ਅਖ਼ਨੂਰ ਰਚਿਤ ਇਸ ਰਚਨਾ ਵਿਚ ਪੂਰਨ ਭਗਤ ਦਾ ਚਰਿੱਤਰ ਆਦਿ ਤੋਂ ਅੰਤ ਤੱਕ ਫ਼ੈਲਿਆ ਹੋਇਆ ਨਜ਼ਰੀਂ ਆਉਂਦਾ ਹੈ। ਜਿਸ ਵਿਚਲਾ ਨਾਇਕ ਆਪਣੇ ਵਿਕੋਲਿੱਤਰੇ ਕਾਰਜਾਂ ਕਰਕੇ ਵਿਲੱਖਣ ਹੈ। ਪੂਰਨ ਦੁਆਰਾ ਕੀਤੇ ਜਾ ਰਹੇ ਕਾਰਜ ਨਾਇਕਤਵ ਦੇ ਨਵੇਂ ਪ੍ਰਤੀਮਾਨ ਸਿਰਜਦੇ ਹਨ। ਰਚਨਾਕਾਰ ਉਸ ਨੂੰ

ਸ਼ਕਤੀਸ਼ਾਲੀ ਪਾਤਰ ਵਜੋਂ ਪੇਸ਼ ਕਰਦਾ ਹੈ। ਇਸ ਰਚਨਾ ਦਾ ਨਾਇਕ ਨੈਤਿਕ ਗੁਣਾਂ ਨਾਲ ਸੰਪੰਨ ਆਦਰਸ਼ਕ ਰਾਜਕੁਮਾਰ/ਜੋਗੀ/ਭਗਤ ਹੈ। ਜਿਸ ਦੁਆਰਾ ਸਿਰਜਿਤ ਆਦਰਸ਼ ਤਤਕਾਲੀਨ ਅਤੇ ਭਵਿੱਖਤ ਸਮਾਜ ਲਈ ਨਵੀਨ ਦਿਸ਼ਾਵਾਂ ਨਿਰਧਾਰਿਤ ਕਰਦੇ ਹਨ।ਆਪਣੇ ਜੀਵਨ ਆਦਰਸ਼ਾਂ ਤੇ ਕਾਇਮ ਰਹਿਣ ਲਈ ਪੂਰਨ ਭਗਤ ਸਭ ਕੁੱਝ ਵਾਰ ਦੇਣ ਲਈ ਤਤਪਰ ਹੈ। ਉਹ ਆਪਣੇ ਚਰਿਤਰਿਕ ਗੁਣਾਂ ਕਾਰਣ ਹੀ ਆਮ-ਜਨ ਵਿਚ ਵੀ ਹਰਮਨ ਪਿਆਰਤਾ ਵੀ ਹਾਸਿਲ ਕਰ ਜਾਂਦਾ ਹੈ। ਰਚਨਾ ਦਾ ਨਾਇਕ ਪੂਰਨ ਆਪਣੇ ਇਹਨਾਂ ਗੁਣਾਂ ਕਰਕੇ ਯੁੱਗ-ਨਾਇਕ ਦੀ ਉਪਾਧੀ ਧਾਰਣ ਕਰ ਜਾਂਦਾ ਹੈ ਅਤੇ ਇਕ ਸ਼ਕਤੀਸ਼ਾਲੀ ਪਾਤਰ ਵਜੋਂ ਪੇਸ਼ ਹੁੰਦਾ ਹੈ। ਉਹ ਸਮਾਜਕ ਜਬਰ ਦਾ ਵਿਰੋਧ ਵੀ ਕਰਦਾ ਹੈ। ਭਾਵੇਂ ਕਿ ਸ਼ਕਤੀਸ਼ਾਲੀ ਜਾਬਰ/ਹਾਕਮ ਧਿਰ ਨਾਲ ਸਿੱਧੀ ਟੱਕਰ ਲੈ ਕੇ ਦੁਖਾਂਤ ਦਾ ਭਾਗੀਦਾਰ ਹੀ ਬਣਦਾ ਹੈ। ਪੂਰਨ ਭਗਤ ਦਾ ਨਾਇਕਤਵ ਪਾਰਲੌਕਿਕ ਤਾਕਤਾਂ ਦੇ ਅਧੀਨ ਨਹੀਂ। ਉੱਚੀ ਕੁੱਲ ਵਿਚ ਜਨਮ ਲੈਣ ਕਰਕੇ ਪੂਰਨ ਭਗਤ ਦਾ ਨਾਇਕਤਵ ਪ੍ਰਦਤ (ਅਸਚਰਬਿਦਦ) ਸਥਿਤੀ ਵਾਲਾ ਲਗਦਾ ਹੈ ਪਰੰਤੂ ਆਦਰਸ਼ਕ ਸਿਧਾਤਾਂ ਦੀ ਪਾਲਣਾ ਕਰਨ ਕਰਕੇ ਉਸ ਦੀ ਸ਼ਖ਼ਸੀਅਤ ਵਿਚਲੇ ਨਾਇਕਤਵ ਦੇ ਗੁਣ ਅਰਜਿਤ (Achieved) ਸਥਿਤੀ ਵਾਲੇ ਵਧੇਰੇ ਹਨ। ਪੂਰਨ ਦੇ ਨਾਇਕਤਵ ਦਾ ਇਹ ਪੱਖ ਪਰਿਸਥਿਤੀਆਂ ਵਿਚਲੇ ਟਕਰਾਅ ਵਿਚੋਂ ਪੈਦਾ ਹੋਇਆ ਹੈ। ਪੂਰਨ ਦਾ ਨਾਇਕਤਵ ਆਦਰਸ਼ਕ ਅਤੇ ਦੁਖਾਂਤਕ ਸਥਿਤੀਆਂ ਦੀ ਪੈਦਾਵਾਰ ਹੈ। ਜੀਵਨ ਦਾ ਆਦਰਸ਼ ਹੀ ਉਸ ਦੇ ਨਾਇਕਤਵ ਦੇ ਪਾਸਾਰ ਨਿਸ਼ਚਿਤ ਕਰਦਾ ਹੈ। ਉਹ ਆਪਣੀ ਮਤਰੇਈ ਮਾਂ ਦੇ ਉਕਸਾਉਣ ਦੇ ਬਾਵਜੂਦ ਆਦਰਸ਼ਕ ਕੀਮਤਾਂ ਤੇ ਪਹਿਰਾ ਦਿੰਦਿਆਂ ਦੁੱਖ ਅਤੇ ਸੰਤਾਪ ਹੰਢਾਉਂਦਾ ਹੈ। ਇਸ ਦੇ ਬਾਵਜੂਦ ਪੂਰਨ ਅਜਿਹਾ ਨਾਇਕ ਹੈ ਜੋ ਜ਼ਿੰਦਗੀ ਦੇ ਆਦਰਸ਼ਕ ਮੁੱਲਾਂ ਤੇ ਪੂਰੀ ਨਿਸ਼ਠਾ ਅਤੇ ਦ੍ਰਿੜਤਾ ਸਹਿਤ ਡੱਟਿਆ ਰਹਿੰਦਾ ਹੈ :

*ਤੇ- ਤੱਕਣਾ ਕਦੀ ਨਾ ਤਰਫ਼ ਤੇਰੀ, ਗ਼ੈਰ ਨਜ਼ਰ ਕਰਕੇ ਸੱਚ ਜਾਣ ਮਾਤਾ।*
*ਮੈਨੂੰ ਲੋੜ ਨਾਹੀਂ ਕਿਸੇ ਬਾਤ ਦੀ ਹੈ, ਨਾਹੀਂ ਹਾਰੂੰਗਾ ਧਰਮ ਈਮਾਨ ਮਾਤਾ।*
*ਐਸੇ ਕਰਮ ਮੈਂ ਜਿਉਂਦਾ ਨਹੀਂ ਕਰਸਾਂ, ਚਲੀ ਜਾਏ ਭਾਵੇਂ ਮੇਰੀ ਜਾਨ ਮਾਤਾ।*
*ਰਾਮਧਨ ਭਗਵਾਨ ਥੀਂ ਰਹਾਂ ਸੱਚਾ, ਮਰਨਾ ਕਰਾਂ ਕਬੂਲ ਪਛਾਣ ਮਾਤਾ।*[8]

ਇਹ ਮੰਨ ਲੈਣਾ ਕਿ ਵਿਸ਼ਵ ਦੇ ਹੋਰ ਨਾਇਕਾਂ ਵਾਂਗ ਪੂਰਨ ਦਾ ਨਾਇਕਤਵ ਅਲੌਕਿਕ ਸ਼ਕਤੀਆਂ ਦਾ ਮੁਥਾਜ ਹੈ, ਤਰਕਸੰਗਤ ਨਹੀਂ। ਅਲੌਕਿਕ ਸ਼ਕਤੀਆਂ ਇਸ ਕਿੱਸੇ ਵਿਚ ਕਿਤੇ-ਕਿਤੇ ਕਾਰਜਸ਼ੀਲ ਜ਼ਰੂਰ ਹਨ ਪਰੰਤੂ ਉਹਨਾਂ ਨੂੰ ਵਰਤਣ ਵਾਲਾ ਪੂਰਨ ਨਹੀਂ, ਕੋਈ ਹੋਰ ਹੈ। ਭਾਵੇਂ ਕਿ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜੇਕਰ ਗੋਰਖ਼ ਨਾਥ ਆਪਣੀਆਂ ਸ਼ਕਤੀਆਂ ਦੀ ਵਰਤੋਂ ਨਾਲ ਪੂਰਨ ਨੂੰ ਪੁਨਰ-ਜਨਮ ਨਾ ਦਿੰਦਾ ਤਾਂ ਕਥਾ ਉਥੇ ਹੀ ਸਮਾਪਤ ਹੋ ਜਾਣੀ ਸੀ। ਇਸੇ ਤਰ੍ਹਾਂ ਪੂਰਨ ਦੇ ਸਪਰਸ਼ ਮਾਤਰ ਨਾਲ ਬਾਗ਼ ਦਾ ਹਰਾ ਹੋਣਾ ਉਸ ਦੀ ਪ੍ਰਸਿੱਧੀ ਵਿਚ ਵਾਧਾ ਤਾਂ ਕਰਦਾ ਹੈ ਪਰੰਤੂ ਪੂਰਨ ਦਾ ਪੁਨਰ ਜਨਮ ਹੋਣਾ ਅਤੇ ਬਾਗ਼ ਦਾ ਹਰਾ ਹੋਣਾ ਆਦਿ ਘਟਨਾਵਾਂ ਉਸ ਦੇ ਨਾਇਕਤਵ ਦਾ ਅਸਲ ਮੂਲ ਕਾਰਨ ਨਹੀਂ। ਵਿਧਾਤਾ, ਭਾਗ, ਲੇਖ, ਭਾਣਾ ਆਦਿ ਮਨੋ-ਕਲਪਿਤ ਵਿਚਾਰਧਾਰਾਵਾਂ ਪੂਰਨ ਦੀ ਨਾਇਕ ਉਸਾਰੀ ਵਿਚ ਕੰਮ ਤਾਂ ਕਰਦੀਆਂ ਹਨ, ਪਰੰਤੂ ਬਹੁਤੇ ਪ੍ਰਭਾਵੀ ਰੂਪ ਵਿਚ ਨਹੀਂ ਸਗੋਂ ਸਹਾਇਕ ਰੂਪ ਵਜੋਂ।

*ਮੀਮ - ਮੰਨਿਆ ਭਾਣੇ ਨੂੰ ਜਿਨਾਂ ਮਰਦਾਂ, ਅੱਵਲ ਦੁੱਖ ਪਿਛੋਂ ਸੁੱਖ ਪਾ ਗਏ*
*ਪੂਰਨ ਭਗਤ ਸੀ ਭਾਣਾ ਕਬੂਲ ਕੀਤਾ, ਉਸਦੇ ਵਾਸਤੇ ਗੋਰਖ ਜੀ ਆ ਗਏ।*
*ਉਸੇ ਖ਼ੂਹ ਤੇ ਆਸਣ ਲਗਾਇਓ ਨੇ, ਧੂਣੀ ਜਗਮਗਾ ਖ਼ੂਬ ਜਗਾ ਗਏ।*
*ਰਾਮਧਨਾ ਤ੍ਰੁੱਠ ਪਰਸ ਆਏ ਜੋਗੀ, ਮੇਲ ਆਪ ਭਗਵਾਨ ਬਣਾ ਗਏ।*[9]

ਇਸ ਰਚਨਾ ਦਾ ਲੇਖਕ ਕਈ ਥਾਈਂ ਪੂਰਨ ਦਾ ਨਾਇਕਤਵ ਉਘਾੜਨ ਲਈ ਮੌਕਾ-ਮੇਲ ਦੀ ਜੁਗਤ ਵੀ ਅਪਣਾਉਂਦਾ ਹੈ। ਗੁਰੂ ਗੋਰਖ ਨਾਥ ਦਾ ਚੇਲਿਆਂ ਨਾਲ ਉਸੇ ਰਸਤੇ ਤੇ ਆਉਣਾ ਜਿਸ ਰਸਤੇ ਤੇ ਉਹ ਖ਼ੂਹ ਹੈ ਜਿਸ ਵਿਚ ਜੱਲਾਦ ਪੂਰਨ ਨੂੰ ਹੱਥ-ਪੈਰ ਬੰਨ ਕੇ ਸੁੱਟ ਗਏ ਹਨ, ਮੌਕਾ ਮੇਲ ਦੀ ਵਿਧੀ ਹੀ ਜਾਪਦੀ ਹੈ ਪਰ ਇਹ ਸੁਭਾਵਕ ਵੀ ਹੈ। ਗੋਰਖ ਨਾਥ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਕੇ ਪੂਰਨ ਦੇ ਹੱਥ-ਪੈਰ ਮੁੜ ਸਾਬਤ ਕਰ ਦਿੰਦਾ ਹੈ। ਇਸ ਤੋਂ ਬਾਅਦ ਆਪਣੇ ਗੁਰੂ ਦੇ ਕਹਿਣ ਤੇ ਜਦੋਂ ਪੂਰਨ ਮੁੜ ਆਪਣੇ ਦੇਸ਼ ਵਾਪਸ ਜਾਂਦਾ ਹੈ ਤਾਂ ਪਿਤਾ ਰਾਜਾ ਸਲਵਾਹਨ ਅਤੇ ਮਤਰੇਈ ਮਾਂ ਲੂਣਾ ਦਾ ਉਸ ਕੋਲ ਪੁੱਤਰ ਦੀ ਦਾਤ ਮੰਗਣ ਆਉਣਾ ਅਤੇ ਉਸ ਉਪਰੰਤ ਮਾਤਾ ਇੱਛਰਾਂ ਦਾ ਸਿੱਧ ਜੋਗੀ ਦੇ ਦਰਸ਼ਨ ਕਰਨ ਆਉਣਾ ਵੀ ਲੇਖਕ ਦੁਆਰਾ ਸਿਰਜਿਤ ਵਿਧੀਆਂ ਜਾਪਦੀਆਂ ਹਨ। ਜੇਕਰ ਮਾਤਾ ਇੱਛਰਾਂ ਪਹਿਲਾਂ ਦਰਸ਼ਨ ਕਰਨ ਆਉਂਦੀ ਤਾਂ ਪੂਰਨ ਦਾ ਸੱਚ ਸਭ ਦੇ ਸਾਹਮਣੇ

ਆ ਜਾਣਾ ਸੀ ਅਤੇ ਲੂਣਾ ਦੇ ਪਾਪ ਲੁੱਕੇ ਰਹਿ ਜਾਣੇ ਸਨ। ਇਸ ਤਰ੍ਹਾਂ ਇਹ ਵਿਧੀ ਰਚਨਾ ਵਿਚ ਨਾਇਕਤਵ ਨੂੰ ਉਘਾੜਨ ਵਿਚ ਬੜੀ ਕਾਰਗਰ ਸਿੱਧ ਹੁੰਦੀ ਜਾਪਦੀ ਹੈ।

ਪੂਰਨ ਦੇ ਨਾਇਕਤਵ ਦੀ ਇਕ ਹੋਰ ਵਿਸ਼ੇਸ਼ਤਾ ਉਸ ਦੀ ਸੁੰਦਰਤਾ ਹੈ। ਸੁਹੱਪਣ ਉਸ ਦਾ ਸਰੀਰਕ ਗੁਣ ਵੀ ਹੈ ਅਤੇ ਨੈਤਿਕ ਵੀ। ਉਸ ਦੀ ਸੁੰਦਰਤਾ ਦੇ ਕਾਰਨ ਹੀ ਜਿਹੜਾ ਵੀ ਉਸ ਨੂੰ ਦੇਖਦਾ ਹੈ ਉਸ ਉੱਪਰ ਮੋਹਿਤ ਹੋ ਜਾਂਦਾ ਹੈ। ਆਪਣੇ ਸੁਹੱਪਣ ਕਰਕੇ ਹੀ ਉਹ ਹਰ ਕਿਸੇ ਦੇ ਆਕਰਸ਼ਣ ਦਾ ਕੇਂਦਰ ਬਣਦਾ ਹੈ ਅਤੇ ਇਹੀ ਉਸ ਦੀ ਤ੍ਰਾਸਦੀ ਦਾ ਕਾਰਨ ਵੀ ਬਣਦਾ ਹੈ। ਰਚਨਾ ਵਿਚ ਦਿੱਤੇ ਬਿਰਤਾਂਤ ਅਨੁਸਾਰ ਉਸ ਦੀ ਮਤਰੇਈ ਮਾਂ ਲੂਣਾ ਅਤੇ ਉਸ ਉਪਰੰਤ ਸੁੰਦਰਾਂ ਉਸ ਨੂੰ ਵੇਖਦੇ ਸਾਰ ਹੀ ਪੂਰਨ ਦੇ ਰੂਪ ਉੱਪਰ ਮੋਹਿਤ ਹੋ ਗਈਆਂ ਅਤੇ ਉਸ ਨੂੰ ਅਪਣਾਉਣ ਲਈ ਵਿਆਕੁਲ ਹੋ ਉੱਠੀਆਂ। ਦੋਵੇਂ ਹੀ ਪੂਰਨ ਦੀ ਸੁੰਦਰਤਾ ਕਾਰਨ ਉਸ ਨੂੰ ਪ੍ਰਾਪਤ ਕਰਨ ਦੀਆਂ ਇਛੁੱਕ ਸਨ ਜਦਕਿ ਪੂਰਨ ਉਹਨਾਂ ਦੀ ਅਜਿਹੀ ਅਨੈਤਿਕ ਇੱਛਾ ਨੂੰ ਮੰਨਣ ਦੀ ਬਜਾਏ ਆਪਣੇ ਆਦਰਸ਼ ਉੱਪਰ ਅਡਿੱਗ ਰਹਿੰਦਾ ਹੈ।

ਪੂਰਨ ਦਾ ਧੀਰਜਵਾਨ ਅਤੇ ਸੰਜਮੀ ਹੋਣਾ ਉਸ ਦੇ ਗੁਣਾਂ ਵਿਚ ਹੋਰ ਵਾਧਾ ਕਰਦਾ ਹੈ। ਆਪਣੇ ਚਰਿੱਤਰ ਦੇ ਇਸ ਗੁਣ ਕਾਰਨ ਉਹ ਸਵੈ-ਜ਼ਾਬਤੇ ਦੀ ਪਾਲਣਾ ਪੂਰੀ ਦ੍ਰਿੜ੍ਹਤਾ ਨਾਲ ਸਫ਼ਲਤਾਪੂਰਵਕ ਕਰਦਾ ਹੈ। ਕਵੀ ਰਾਮ ਧਨ ਅਨੁਸਾਰ ਲੂਣਾ ਦੇ ਪਾਖੰਡ ਕਾਰਨ ਜਦੋਂ ਰਾਜਾ ਸਲਵਾਹਨ ਪੂਰਨ ਨੂੰ ਸਜ਼ਾ ਦਿੰਦਾ ਹੈ ਤਾਂ ਜੱਲਾਦ ਉਸ ਦੇ ਹੱਥ-ਪੈਰ ਕੱਟਣ ਲਈ ਉਸ ਨੂੰ ਲੈ ਜਾਂਦੇ ਹਨ। ਇਸ ਸਮੇਂ ਖੇਖਣਹਾਰੀ ਲੂਣਾ ਪੂਰਨ ਨੂੰ ਇਕ ਪੱਤਰ ਰਾਹੀਂ ਪੇਸ਼ਕਸ਼ ਭੇਜਦੀ ਹੈ ਜਿਸ ਅਨੁਸਾਰ ਜੇਕਰ ਪੂਰਨ ਉਸ ਵੇਲੇ ਤੱਕ ਵੀ ਉਸ ਦੀ ਗੱਲ ਮੰਨ ਲੈਂਦਾ ਹੈ ਤਾਂ ਲੂਣਾ ਉਸ ਨੂੰ ਬਚਾ ਲਵੇਗੀ ਪਰੰਤੂ ਸੰਜਮ ਤੇ ਸਿਦਕ ਦਾ ਧਾਰਣੀ ਪੂਰਨ ਉਸ ਦੀ ਤਜਵੀਜ਼ ਮੂਲੋਂ ਰੱਦ ਕਰ ਦਿੰਦਾ ਹੈ। ਜਦੋਂ ਜੱਲਾਦ ਉਸ ਦੇ ਹੱਥ-ਪੈਰ ਵੱਢ ਕੇ ਉਸ ਨੂੰ ਖ਼ੂਹ ਵਿਚ ਸੁੱਟ ਦਿੰਦੇ ਹਨ ਤਾਂ ਉਸ ਸਮੇਂ ਵੀ ਪੂਰਨ ਧੀਰਜ ਦਾ ਪੱਲਾ ਨਹੀਂ ਛੱਡਦਾ। ਖ਼ੂਹ ਵਿਚ ਸ਼ਾਂਤ ਬੈਠੇ ਪੂਰਨ ਦੇ ਦੁੱਖਾਂ ਦੀ ਨਵਿਰਤੀ ਗੁਰੂ ਗੋਰਖ ਨਾਥ ਦੇ ਆਉਣ ਨਾਲ ਹੋ ਜਾਂਦੀ ਹੈ। ਪੂਰਨ, ਗੋਰਖ ਨਾਥ ਦਾ ਚੇਲਾ ਬਣ ਕੇ ਉਸ ਦਾ ਸਭ ਤੋਂ ਪ੍ਰਿਯ ਚੇਲਾ ਬਣ ਜਾਂਦਾ ਹੈ। ਆਪਣੇ ਗੁਰੂ ਦੇ ਆਦੇਸ਼ ਤੇ ਹੀ ਪੂਰਨ ਸੁੰਦਰਾਂ ਦੇ ਮਹਿਲਾਂ ਵਿਚ ਭਿੱਖਿਆ ਮੰਗਣ ਜਾਂਦਾ ਹੈ ਤਾਂ ਸੁੰਦਰਾਂ ਉਸ ਉੱਪਰ ਮੋਹਿਤ ਹੋ ਜਾਂਦੀ ਹੈ। ਉਹ ਪੂਰਨ ਦੇ ਮਗਰ-ਮਗਰ ਹੀ ਗੋਰਖ ਦੇ ਟਿੱਲੇ ਤੱਕ ਆ ਜਾਂਦੀ ਹੈ ਤੇ ਗੁਰੂ ਗੋਰਖ ਨਾਥ ਨੂੰ ਬੇਨਤੀ ਕਰਦੀ ਹੈ ਕਿ ਪੂਰਨ ਨੂੰ ਉਸ ਨਾਲ ਭੇਜਿਆ ਜਾਵੇ। ਗੋਰਖ ਨਾਥ, ਸੁੰਦਰਾਂ ਨੂੰ ਵਚਨ ਦੇ ਚੁੱਕਾ ਹੈ ਕਿ ਉਹ ਜੋ ਚਾਹੇਗੀ ਉਸ ਨੂੰ ਮਿਲੇਗਾ। ਸੁੰਦਰਾਂ ਦੀ ਇੱਛਾ ਪੂਰੀ ਕਰਨ ਲਈ ਗੋਰਖ, ਪੂਰਨ ਨੂੰ ਸੁੰਦਰਾਂ ਦੇ ਨਾਲ ਜਾਣ ਦਾ ਆਦੇਸ਼ ਦਿੰਦਾ ਹੈ। ਸਿਦਕਵਾਨ ਪੂਰਨ ਨਾ ਚਾਹੁੰਦਿਆਂ ਹੋਇਆਂ ਵੀ ਗੁਰੂ ਦੇ ਆਦੇਸ਼ ਦੀ ਪਾਲਣਾ ਕਰਦਾ ਹੈ ਭਾਵੇਂ ਕਿ ਸੁੰਦਰਾਂ ਦੇ ਮਹਿਲ ਪਹੁੰਚਣ ਤੋਂ ਪਹਿਲਾਂ ਹੀ ਪੂਰਨ ਰਸਤੇ ਵਿਚ ਹੀ ਕਿਸੇ ਹੋਰ ਪਾਸੇ ਚਲਾ ਜਾਂਦਾ ਹੈ। ਇਸ ਸਾਰੇ ਪ੍ਰਕਰਣ ਵਿਚ ਪੂਰਨ ਸਿਰੜੀ, ਸਿਦਕਵਾਨ, ਹਠੀ ਅਤੇ ਧੀਰਜਵਾਨ ਸਾਬਤ ਹੋਇਆ ਹੈ।

*ਖੇ- ਖੁਸ਼ੀ ਹੋਈ ਰਾਣੀ ਸੁੰਦਰਾਂ ਨੂੰ, ਜੋ ਮੰਗਦੀ ਸਾਂ ਸੋ ਮੈਂ ਪਾ ਲਇਆ।*
*ਗੋਰਖ ਨਾਥ ਪਾਸੋਂ ਫੇਰ ਸੁੰਦਰਾਂ ਨੇ, ਪੂਰਨ ਭਗਤ ਤਾਈਂ ਅੱਗੇ ਲਾ ਲਇਆ।*
*ਪੂਰਨ ਕਹਿਆ ਨ ਗੁਰਾਂ ਦਾ ਪਰਤਿਆ ਸੀ, ਕਿਸਮਤ ਲਿਖਿਆ ਬੰਨ ਬੰਨ੍ਹਾ ਲਇਆ।*
*ਰਾਮਧਨ ਦੇਖੋ ਰਾਣੀ ਸੁੰਦਰਾਂ ਨੇ, ਪੂਰਨ ਭਗਤ ਨੂੰ ਬਖ਼ਸ਼ ਬਖ਼ਸ਼ਾ ਲਇਆ।*[10]

ਪੂਰਨ ਭਗਤ ਨੈਤਿਕ ਗੁਣਾਂ ਨਾਲ ਸੰਪੰਨ ਹੈ। ਉਸ ਦਾ ਨੈਤਿਕ ਆਚਰਣ ਉਸ ਨੂੰ ਸਾਧਾਰਣ ਲੋਕਾਂ ਨਾਲੋਂ ਵੱਖ ਕਰਦਾ ਹੈ। ਜ਼ਿੰਦਗੀ ਦੇ ਨਿਰੰਤਰ ਵਹਿਣ ਵਿਚੋਂ ਪ੍ਰਾਪਤ ਗਿਆਨ ਰਾਹੀਂ ਪੂਰਨ ਭਗਤ ਅਨੁਭਵ ਦੇ ਉਸ ਪੜਾਅ ਨੂੰ ਪ੍ਰਾਪਤ ਕਰ ਜਾਂਦਾ ਹੈ ਜਿਥੇ ਜਿਸਮਾਨੀ ਸਬੰਧਾਂ ਲਈ ਕੋਈ ਥਾਂ ਨਹੀਂ। ਆਪਣੀ ਮਤਰੇਈ ਮਾਂ ਲੂਣਾ ਅਤੇ ਰਾਣੀ ਸੁੰਦਰਾਂ ਦੀ ਦੈਹਿਕ ਸਬੰਧਾਂ ਦੀ ਇੱਛਾ ਨੂੰ ਠੁਕਰਾ ਕੇ ਪੂਰਨ ਨੇ ਉੱਚ ਆਦਰਸ਼ਕਤਾ ਦੀ ਅਜਿਹੀ ਮਿਸਾਲ ਕਾਇਮ ਕੀਤੀ ਜਿਥੋਂ ਤੱਕ ਪੁੱਜਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ।

ਵਿਸਥਾਪਨਾ ਨੂੰ ਨਾਇਕ ਦਾ ਖਾਸਾ ਕਿਹਾ ਜਾਂਦਾ ਹੈ। ਵਿਸਥਾਪਿਤ ਮਨੁੱਖ ਹੀ ਕੁੱਝ ਨਵਾਂ ਸਿਰਜਣ ਦੇ ਯੋਗ ਹੁੰਦਾ ਹੈ। ਘਰੇਲੂ ਅਤੇ ਪਰੰਪਰਾਗਤ ਬੰਦਿਸ਼ਾਂ ਵਿਚ ਬੱਝਾ ਮਨੁੱਖ, ਸਮਾਜ ਅਤੇ ਪਾਠਕ ਨੂੰ ਕੋਈ ਸੇਧ ਨਹੀਂ ਦੇ ਸਕਦਾ। ਜੋਤਸ਼ੀਆਂ ਦੇ ਕਹਿਣ 'ਤੇ ਜਨਮ ਤੋਂ ਤੁਰੰਤ ਬਾਅਦ ਪੂਰਨ ਨੂੰ ਰਾਜਾਸ਼ਾਹੀ ਦੀ ਸ਼ਾਨੋ-ਸ਼ੌਕਤ ਤੋਂ ਦੂਰ ਭੋਰੇ ਵਿਚ ਲਿਜਾਇਆ ਗਿਆ।[12] ਸਾਲ ਭੋਰੇ ਵਿਚ ਰਹਿਣ ਤੋਂ ਬਾਅਦ ਜਦੋਂ ਪੂਰਨ ਰਾਜ-ਮਹੱਲ ਵਿਚ ਵਾਪਸ ਆਇਆ ਤਾਂ ਵਾਸਨਾ ਵਿਚ ਲਿਪਤ ਮਤਰੇਈ ਮਾਂ ਅਤੇ ਰਾਜਭੋਗ ਵਿਚ ਅੰਨ੍ਹੇ ਹੋਏ ਪਿਤਾ ਦੇ ਕਾਰਨ ਉਸ ਨੂੰ ਫਿਰ ਘਰੋਂ ਕੱਢ ਦਿੱਤਾ ਗਿਆ। ਜੰਗਲ ਵਿਚ ਲਿਜਾ ਕੇ ਕਦੋਂ ਉਸ ਦੇ ਹੱਥ-ਪੈਰ ਵੱਢ ਕੇ ਪੂਰਨ ਨੂੰ ਖ਼ੂਹ ਵਿਚ ਸੁੱਟ

ਦਿੱਤਾ ਤਾਂ ਸਿੱਧ ਜੋਗੀ ਗੁਰੂ ਗੋਰਖ ਨਾਥ ਦੀ ਮਿਹਰ ਸਦਕਾ ਪੂਰਨ ਨੂੰ ਪੁਨਰ ਜੀਵਨ-ਦਾਨ ਮਿਲ ਗਿਆ। ਖ਼ੈਰ ਮੰਗਣ ਆਏ ਜੋਗੀ ਪੂਰਨ ਨਾਲ ਸੁੰਦਰਾਂ ਨੂੰ ਪਿਆਰ ਹੋ ਗਿਆ ਪਰ ਪੂਰਨ ਹੁਣ ਕਿਸੇ ਸੰਸਾਰਿਕ ਬੰਨਣ ਵਿਚ ਬੱਝਣ ਲਈ ਤਿਆਰ ਨਹੀਂ।

ਆਪਣੇ ਗੁਰੂ ਗੋਰਖ ਨਾਥ ਦੇ ਕਹਿਣ ਤੇ ਪੂਰਨ ਰਾਜਾ ਸਲਵਾਹਨ ਦੀ ਨਗਰੀ ਵਿਚ ਵਾਪਸ ਆਇਆ। ਆਪਣੀ ਅਸਲ ਮਾਂ ਇੱਛਰਾਂ ਨੂੰ ਮਿਲ ਕੇ ਉਸ ਦੇ ਦਿਲ ਵਿਚ ਪਿਆਰ ਦਾ ਅਸਗਾਹ ਸਮੁੰਦਰ ਚੱਲ ਪਿਆ। ਮਾਂ-ਪਿਓ ਦੇ ਤਰਲਿਆਂ ਦੇ ਬਾਵਜੂਦ ਪੂਰਨ ਨੇ ਮਹਿਲਾਂ ਵਿਚ ਰਹਿਣ ਦੀ ਉਹਨਾਂ ਦੀ ਬੇਨਤੀ ਪ੍ਰਵਾਨ ਨਾ ਕੀਤੀ।

*ਸੀਨ- ਸ਼ਾਦ ਹੋ ਕੇ ਹੱਥੀਂ ਟੋਰ ਮੈਨੂੰ, ਰਾਜ ਭਾਗ ਦੀ ਛੋੜ ਵਿਚਾਰ ਮਾਤਾ।*
*ਕਾਰੂੰ ਜਿਹੇ ਚਾਲੀ ਗੰਜ ਜੋੜ ਗਏ, ਅਖਿਰ ਗੋਰ ਪਏ ਖੋਦ ਗ਼ਾਰ ਮਾਤਾ।*
*ਸੂਰਜ ਚੰਦ ਪ੍ਰਿਥਵੀ ਅਵਰ ਤੱਤ ਸਾਰੇ, ਕਿਸੇ ਰਹਿੰਦਾ ਨਹੀਂ ਤਕਰਾਰ ਮਾਤਾ।*
*ਨ ਕੋਈ ਬਾਪ ਮਾਈ ਨ ਕੋਈ ਭੈਣ ਭਾਈ, ਇਕ ਸਦਾ ਆਖ਼ਿਰ ਨਿਰਾਕਾਰ ਮਾਤਾ।*[11]

ਸਾਰੰਸ਼ ਰੂਪ ਵਿਚ ਇਸ ਰਚਨਾ ਵਿਚ ਨਾਇਕ ਦਾ ਚਿੰਨ੍ਹਕ ਸਮਾਜ ਵਿਚਲੇ ਆਦਰਸ਼ਕ ਮੁੱਲਾਂ ਦਾ ਸੰਵਾਹਕ ਹੈ। ਸਮਾਜਕ ਖੇਤਰ ਵਿਚ ਉਸ ਦੁਆਰਾ ਸਥਾਪਿਤ ਆਦਰਸ਼ਕ ਨਿਯਮ ਸਾਧਾਰਨ ਮਨੁੱਖ ਦੇ ਇੰਦਰੀ ਅਨੁਭਵ ਦੇ ਮਾਧਿਅਮ ਰਾਹੀਂ ਜੀਵਨ ਦੇ ਕ੍ਰਿਆਤਮਕ ਪਿੜ ਵਿਚ ਸ਼੍ਰੇਸ਼ਟ ਸਾਬਿਤ ਹੁੰਦੇ ਹਨ। ਪੰਜਾਬੀ ਮਨੁੱਖ ਦੀ ਅਮੀਰ ਵਿਰਾਸਤ ਨੂੰ ਅਜੋਕੇ ਜੀਵਨ ਵਿਚ ਪੂਰੀ ਤਰ੍ਹਾਂ ਰਮਾਉਣ ਲਈ ਪੂਰਨ ਵਰਗੇ ਲੋਕ-ਨਾਇਕਾਂ ਦੀ ਭੂਮਿਕਾ ਸਦੈਵ ਅਹਿਮ ਹੁੰਦੀ ਹੈ। ਵਸਤੂ ਜਗਤ ਨਾਲ ਸੰਬੰਧਿਤ ਇਸ ਰਚਨਾ ਦਾ ਨਾਇਕ ਯਥਾਰਥਕ ਸਥਿਤੀਆਂ ਦੀ ਪੈਦਾਵਾਰ ਹੈ। ਉਹ 'ਬਦੀ' ਨੂੰ ਸਵੈ-ਮਾਨਸਿਕਤਾ ਉੱਪਰ ਕਦੇ ਹਾਵੀ ਨਹੀਂ ਹੋਣ ਦਿੰਦਾ, ਜਿਸ ਸਦਕਾ ਅੰਤ 'ਨੇਕੀ' ਦੀ ਜਿੱਤ ਹੁੰਦੀ ਹੈ। ਕਿਹਾ ਜਾ ਸਕਦਾ ਹੈ ਕਿ ਰਾਮ ਧਨ ਅਖ਼ਨੂਰ ਰਚਿਤ ਇਹ ਰਚਨਾ ਪੂਰਨ ਦੇ ਨਾਇਕਤਵ ਨੂੰ ਪੂਰਨ ਰੂਪ ਵਿਚ ਉਘਾੜਦੀ ਹੈ। ਪੂਰਨ ਪੰਜਾਬੀ ਲੋਕ-ਮਨ ਵਿਚ ਵੱਸਿਆ ਉਹ ਲੋਕ-ਨਾਇਕ ਹੈ ਜਿਸ ਦਾ ਪ੍ਰਤੀਰੂਪ ਕਿਤੇ ਹੋਰ ਨਹੀਂ ਹੈ ਅਤੇ ਇਸ ਤੱਥ ਤੋਂ ਰਚਨਾ ਦਾ ਲੇਖਕ ਰਾਮ ਧਨ ਪੂਰੀ ਤਰ੍ਹਾਂ ਜਾਣੂ ਹੈ।

## ਹਵਾਲੇ ਅਤੇ ਟਿੱਪਣੀਆਂ:


1. ਰਤਨ ਸਿੰਘ ਜੱਗੀ, **ਪਾਰਿਭਾਸ਼ਿਕ ਸ਼ਬਦਾਵਲੀ ਕੋਸ਼**, ਪੰਜਾਬੀ ਯੂਨੀਵਰਸਿਟੀ ਪਟਿਆਲਾ, 2001, ਪੰਨਾ 356
2. ਰਤਨ ਸਿੰਘ ਜੱਗੀ, **ਉਹੀ**, ਪੰਨਾ. 356
3. ਕਾਹਨ ਸਿੰਘ ਨਾਭਾ, **ਮਹਾਨ ਕੋਸ਼**, ਪੰਨਾ 536.
4. ਡਾ. ਪਰਮਿੰਦਰ ਸਿੰਘ, **ਪੰਜਾਬੀ ਸਾਹਿਤ ਦਾ ਇਤਿਹਾਸ** (ਆਦਿ ਕਾਲ ਤੋਂ 1700 ਈ. ਤੱਕ) ਪੰਨਾ 11
5. ਰਾਮ ਧਨ ਅਖ਼ਨੂਰ, **ਪੂਰਨ ਭਗਤ**, (ਸੰ. ਪਿਆਰ ਸਿੰਘ, ਮਾਨ ਸਿੰਘ ਅਮ੍ਰਿਤ) ਗੁਰੂ ਨਾਨਕ ਦੇਵ ਯੂਨੀਵਰਸਿਟੀ, 1980, ਪੰਨਾ 40
6. **ਉਹੀ**, ਪੰਨਾ 90
7. **ਉਹੀ**, ਪੰਨਾ 81.
8. **ਉਹੀ**, ਪੰਨਾ 69.
9. **ਉਹੀ**, ਪੰਨਾ 80.
10. **ਉਹੀ**, ਪੰਨਾ 93.
11. **ਉਹੀ**, ਪੰਨਾ 107.